# ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

**ਮਨੁੱਖ ਬੋਲਣ ਜਾਂ ਲਿਖਣ ਸਮੇਂ ਚਾਹੁੰਦਾ ਹੈ ਕਿ ਉਹ ਆਪਣੀ ਗੱਲ ਨੂੰ ਥੋੜ੍ਹੇ ਸ਼ਬਦਾਂ ਵਿੱਚ ਸਪਸ਼ਟ ਕਰ ਸਕੇ। ਇਸ ਲਈ ਉਹ ਬਹੁਤੇ ਸ਼ਬਦਾਂ ਵਿੱਚ ਆਖੀ ਜਾਣ ਵਾਲੀ ਗੱਲ ਨੂੰ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਰਾਹੀਂ ਕਰਦਾ ਹੈ। ਅਜਿਹੇ ਸ਼ਬਦ ਅਗੇਤਰ ਅਤੇ ਪਿਛੇਤਰ ਲਾ ਕੇ ਜਾਂ ਸਮਾਸ-ਵਿਧੀ ਰਾਹੀਂ ਉਤਪਨ ਹੋਏ ਹੁੰਦੇ ਹਨ।**

1. ਕੀਤੇ ਨੂੰ ਜਾਣਨ ਵਾਲਾ - ਕ੍ਰਿਤੱਗ
2. ਕੀਤੇ ਨੂੰ ਨਾ ਜਾਣਨ ਵਾਲਾ - ਅਕ੍ਰਿਤਘਣ
3. ਜਿਹੜਾ ਪਾਠ ਮੁੱਢ ਤੋਂ ਅਖੀਰ ਤੱਕ ਲਗਾਤਾਰ ਹੁੰਦਾ ਰਹੇ - ਅਖੰਡ-ਪਾਠ
4. ਜੋ ਕਦੇ ਨਾ ਥੱਕੇ - ਅਣਥੱਕ
5. ਜਿਹੜੀ ਗੱਲ ਬਹੁਤ ਵਧਾ-ਚੜਾ ਕੇ ਆਖੀ ਜਾਵੇ - ਅੱਤਕਥਨੀ
6. ਉਹ ਗੀਤ ਜਿਸ ਨੂੰ ਦੋ ਤੋਂ ਵੱਧ ਵਿਅਕਤੀ ਰਲ ਕੇ ਗਾਉਣ - ਸਹਿਗਾਣ
7. ਸਾਰਿਆਂ ਦੀ ਸਾਂਝੀ, ਮਿਲਵੀਂ ਰਾਏ - ਸਰਬ-ਸੰਮਤੀ
8. ਆਪਣੇ ਜੀਵਨ ਦਾ ਹਾਲ - ਸ੍ਵੈਜੀਵਨੀ
9. ਇੱਕ ਦੇਸ਼ ਦੀ ਹਕੂਮਤ ਵੱਲੋਂ ਹੋਰ ਦੇਸਾਂ ਉੱਪਰ ਹਕੂਮਤ ਕਰਨ ਦਾ ਸਿਧਾਂਤ - ਸਾਮਰਾਜਵਾਦ
10. ਕਿਸੇ ਉੱਚੇ ਆਦਰਸ਼ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਵਾਲਾ - ਸ਼ਹੀਦ
11. ਕਿਸੇ ਪ੍ਰਤਿ ਪ੍ਰਗਟ ਕੀਤੀ ਸ਼ਰਧਾ - ਸ਼ਰਧਾਂਜਲੀ
12. ਕਿਸੇ ਲੇਖਕ ਜਾਂ ਕਲਾਕਾਰ ਦੀ ਸਭ ਤੋਂ ਉੱਤਮ ਰਚਨਾ - ਸ਼ਾਹਕਾਰ
13. ਸਭ ਦੇ ਮਨਾਂ ਨੂੰ ਪਿਆਰਾ ਲੱਗਣ ਵਾਲਾ - ਹਰਮਨ-ਪਿਆਰਾ
14. ਜੋ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਆਪ ਕਰ ਸਕੇ - ਆਤਮ-ਨਿਰਭਰ
15. ਬਹੁਤੀਆਂ ਕੌਮਾਂ ਨਾਲ ਸੰਬੰਧ ਰੱਖਣ ਵਾਲਾ - ਕੌਮਾਂਤਰੀ
16. ਕਿਸੇ ਸ੍ਵਾਰਥ ਅਧੀਨ ਦੂਜਿਆਂ ਦੀ ਝੂਠੀ ਪ੍ਰਸੰਸਾ ਕਰਨ ਵਾਲਾ - ਖ਼ੁਸ਼ਾਮਦੀ
17. ਉਹ ਰਾਜ ਜੋ ਜਨਤਾ ਦੇ ਚੁਣੇ ਹੋਏ ਪ੍ਰਤਿਨਿਧਾਂ ਦੁਆਰਾ ਚਲਾਇਆ ਜਾਵੇ - ਗਣਤੰਤਰ
18. ਜੋ ਧੋਖਾ ਦੇਵੇ ਅਤੇ ਔਖੇ ਵੇਲੇ ਸਾਥ ਛੱਡ ਜਾਵੇ - ਗ਼ੱਦਾਰ
19. ਉਹ ਲੜਾਈ ਜਿਸ ਵਿੱਚ ਬਹੁਤ ਸਾਰੇ ਵਿਅਕਤੀ ਮਾਰੇ ਜਾਣ - ਘੱਲੂਘਾਰਾ

20. ਚਹੁੰ ਪੈਰਾਂ ਵਾਲਾ ਪਸ਼ੂ - ਚੁਪਾਇਆ
21. ਚਹੁੰ ਮੂੰਹਾਂ ਵਾਲਾ - ਚੌਮੁਖੀਆ
22. ਜਿਹੜਾ ਕਦੇ ਇੱਕ ਧੜੇ ਨਾਲ ਹੋਵੇ, ਕਦੇ ਦੂਜੇ ਧੜੇ ਨਾਲ - ਚੁਫੇਰਗੜ੍ਹੀਆ
23. ਵਸਤਾਂ ਭਾਰੀ ਮੁਨਾਫ਼ੇ ਹਿਤ ਅਤੇ ਨਿਯਤ ਭਾਅ ਤੋਂ ਵਧੇਰੇ, ਚੋਰੀ-ਛੱਪੇ ਵੇਚਣਾ ਤੇ ਖ਼ਰੀਦਣਾ - ਚੋਰ-ਬਜ਼ਾਰੀ
24. ਜਿਸ ਥਾਂ ਪੈਸੇ, ਰੁਪਏ ਆਦਿ ਦੇ ਸਿੱਕੇ ਬਣਾਏ ਜਾਂਦੇ ਹਨ - ਟਕਸਾਲ
25. ਜਿਹੜਾ ਕਿਸੇ ਵੀ ਧਿਰ ਨਾਲ ਪੱਖ-ਪਾਤ ਨਾ ਕਰੇ - ਨਿਰਪੱਖ
26. ਦੂਜਿਆਂ ਦਾ ਉਪਕਾਰ ਕਰਨ ਵਾਲਾ - ਪਰਉਪਕਾਰੀ
27. ਕੁਝ ਵਿਅਕਤੀਆਂ ਵੱਲੋਂ ਰਾਏ ਦੇਣ ਲਈ ਚੁਣਿਆ ਵਿਅਕਤੀ - ਪ੍ਰਤਿਨਿਧ
28. ਘਰ ਵਿੱਚ ਪਹਿਲੀ ਪੈਦਾ ਹੋਈ ਧੀ - ਪਲੇਠੀ / ਜੇਠੀ
29. ਘਰ ਵਿੱਚ ਪਹਿਲਾ ਪੈਦਾ ਹੋਇਆ ਪੁੱਤਰ - ਪਲੇਠਾ / ਜੇਠਾ
30. ਮੌਤ ਪਿੱਛੋਂ ਆਇਆ ਸਲਾਨਾ ਮੌਤ ਦਾ ਦਿਨ - ਬਰਸੀ
31. ਵੰਡੀ ਜਾਣ ਵਾਲੀ ਜਾਇਦਾਦ ਦਾ ਵੇਰਵਾ ਕਿ ਕਿੰਨੀ ਕਿਸ ਨੂੰ ਮਿਲੇ - ਵਸੀਅਤ
32. ਦੂਜੇ ਦੇ ਕੀਤੇ ਵਿਸ਼ਵਾਸ ਉੱਤੇ ਪੂਰਾ ਉੱਤਰਨ ਦੀ ਥਾਂ ਉਲਟਾ ਨੁਕਸਾਨ ਪਹੁੰਚਾਉਣ ਵਾਲਾ - ਵਿਸ਼ਵਾਸਘਾਤੀ
33. ਜੋ ਆਮ ਜਿਹਾ ਨਾ ਹੋਵੇ, ਖ਼ਾਸ ਹੋਵੇ - ਵਿਲੱਖਣ
34. ਜਿਹੜਾ ਹਰ ਵੇਲੇ ਚੜ੍ਹਦੀ ਕਲਾ ਵਿਚ ਰਹੇ - ਆਸ਼ਾਵਾਦੀ
35. ਜਦ ਮੀਂਹ ਦੀ ਘਾਟ ਨਾਲ ਫਸਲਾਂ ਤਬਾਹ ਹੋ ਜਾਣ - ਔੜ , ਸੋਕਾ
36. ਉਹ ਗੱਲ ਜੋ ਦੁਨੀਆ ਨਾਲ ਬੀਤੀ ਹੋਵੇ - ਜੱਗ - ਬੀਤੀ
37. ਉਹ ਗੱਲ ਜੋ ਆਪ ਨਾਲ ਬੀਤੀ ਹੋਵੇ - ਹੱਡ - ਬੀਤੀ
38. ਉਹ ਥਾਂ ਜਿਹੜੀ ਸਾਰੇ ਪਿੰਡ ਦੀ ਸਾਂਝੀ ਹੋਵੇ - ਸ਼ਾਮਲਾਟ
39. ਆਪਣੇ ਦੇਸ਼ ਨਾਲ ਗ਼ੱਦਾਰੀ ਕਰਨ ਵਾਲਾ - ਦੇਸ਼-ਧ੍ਰੋਹੀ
40. ਉਹ ਥਾਂ ਜਿੱਥੇ ਪਹਿਲਵਾਨ ਘੋਲ ਕਰਦੇ ਹਨ - ਅਖਾੜਾ
41. ਲੋਹੇ ਦਾ ਕੰਮ ਕਰਨ ਵਾਲਾ - ਲੁਹਾਰ

42. ਜਿਸ ਨੂੰ ਕਿਸੇ ਚੀਜ਼ ਦਾ ਤਜਰਬਾ ਨਾ ਹੋਵੇ - ਅਲ੍ਹੜ, ਅਨਾੜੀ

43. ਜੋ ਫ਼ਸਲ ਸਹੀ ਸਮੇਂ ਤੋਂ ਪਹਿਲਾਂ ਬੀਜੀ ਜਾਵੇ - ਅਗੇਤੀ

44. ਜਿਹੜੇ ਇੱਕੋ ਸਮੇਂ ਹੋਏ ਹੋਣ - ਸਮਕਾਲੀ

45. ਕਿਸੇ ਖ਼ਾਸ ਆਦਮੀ ਕੋਲੋਂ ਮਿਲਣ ਵਾਲੀ ਮੱਝ ਜਾਂ ਗਾਂ - ਹੱਥਲ

46. ਜੋ ਉੱਨਤੀ ਕਰਨ ਵਾਲਾ ਹੋਵੇ - ਹੋਣਹਾਰ

47. ਜਿਹੜਾ ਬਹੁਤੀਆਂ ਗੱਲਾਂ ਕਰੇ - ਗਾਲੜੀ

48. ਨੱਕ ਵਿਚ ਬੋਲਣ ਵਾਲਾ - ਗੁਣਗੁਣਾ

49. ਉਹ ਥਾਂ ਜਿੱਥੇ ਘੋੜੇ ਬੱਝਦੇ ਹੋਣ - ਤਬੇਲਾ

50. ਜਿਹੜਾ ਕਈ ਰੂਪ ਧਾਰਨ ਕਰ ਲਵੇ - ਬਹੁਰੂਪੀਆ

51. ਉਹ ਜ਼ਮੀਨ ਜਿੱਥੇ ਕੁੱਝ ਨਾ ਉੱਗਦਾ ਹੋਵੇ - ਬੰਜਰ

52. ਰੱਬ ਦੀ ਹੋਂਦ ਵਿੱਚ ਵਿਸ਼ਵਾਸ ਰੱਖਣ ਵਾਲਾ - ਆਸਤਕ

53. ਜਿਹੜਾ ਅੰਨ੍ਹੇ-ਵਾਹ ਦੂਜਿਆਂ ਦੇ ਮਗਰ ਲੱਗੇ - ਲਾਈ - ਲੱਗ

54. ਰੱਬ ਦੀ ਹੋਂਦ ਨੂੰ ਨਾ ਮੰਨਣ ਵਾਲਾ - ਨਾਸਤਕ

55. ਰਾਜ-ਪ੍ਰਬੰਧ ਦੀ ਅਣਹੋਂਦ ਜਾਂ ਅਮਨ ਕਾਨੂੰਨ ਦੀ ਅਣਹੋਂਦ - ਅਰਾਜਕਤਾ

56. ਬਦੋ-ਬਦੀ ਅੱਗੇ ਹੋ ਕੇ ਮੋਹਰੀ ਬਣਨ ਵਾਲਾ - ਖੜਪੈਂਚ

57. ਦਰਿਆ ਦਾ ਪਾਣੀ ਜੋ ਇੱਕ ਥਾਂ ਹੀ ਚੱਕਰ ਲਾਈ ਜਾਵੇ - ਕੱਪਰ

58. ਕਵਿਤਾ ਲਿਖਣ ਵਾਲਾ - ਕਵੀ

59. ਸਾਲ ਪਿੱਛੋਂ ਆਈ ਵਿਆਹ ਦੀ ਉਹੀ ਤਰੀਕ - ਵਰ੍ਹੇਜ

60. ਮੀਂਹ ਤੋਂ ਬਾਅਦ ਚੱਲਣ ਵਾਲੀ ਹਵਾ - ਠੱਕਾ



**ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**